**ਵਿਸ਼ਾ :- ਸਮਾਜਿਕ ਸਿੱਖਿਆ**

**ਸ਼੍ਰੇਣੀ-ਦਸਵੀਂ** **ਕੁੱਲ ਅੰਕ :- 100**

**ਨਮੂਨੇ ਦਾ ਪ੍ਰਸ਼ਨ ਪੱਤਰ** **ਪੇਪਰ :- 70**

**ਸਮੈਸਟਰ-ਦੂਜਾ** **ਆਂਤਰਿਕ ਮੁਲਾਂਕਣ :- 30**

**ਭਾਗ-ੳ (ਭੂਗੋਲ)** **ਅੰਕ :- 21**

ਪ੍ਰਸ਼ਨ1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ।

I. ਖੇਤਰਫਲ ਪਖੋਂ ਭਾਰਤ ਦਾ ਸੰਸਾਰ ਵਿੱਚ ਕਿੰਨਵਾਂ ਸਥਾਨ ਹੈ?

II. ਕਿਸੇ ਦੇਸ਼ ਦਾ ਸੱਭ ਤੋਂ ਵਡਮੁਲਾ ਸਾਧਨ ਕੀ ਹੈ?

III. ਭਾਰਤ ਵਿੱਚ ਦਰਾੜ ਘਾਟੀਆਂ ਕਿੱਥੇ ਸਥਿਤ ਹਨ?

1 x 3 = 3

ਪ੍ਰਸ਼ਨ2. ਹੇਠ ਲਿਖਿਆਂ ਵਿਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਲਗਭਗ 70-75 ਸ਼ਬਦਾਂ ਵਿੱਚ ਦਿਓ:-

(ੳ) ਸੌਰ ਸ਼ਕਤੀ ਨੂੰ ਭਵਿੱਖ ਦੀ ਸ਼ਕਤੀ ਦਾ ਸਰੋਤ ਕਿਉਂ ਕਿਹਾ ਜਾਂਦਾ ਹੈ?

(ਅ) ਵਿਦੇਸ਼ੀ ਪੌਦਿਆਂ ਤੋਂ ਸਾਨੂੰ ਕੀ ਨੁਕਸਾਨ ਹੋ ਸਕਦੇ ਹਨ?

(ੲ) ਹਰੀ ਕਰਾਂਤੀ ਨੂੰ ਕੁਝ ਲੋਕ ਕਣਕ ਕਰਾਂਤੀ ਦਾ ਨਾ ਕਿਉਂ ਦਿੰਦੇ ਹਨ?

3 x 2 = 6

ਪ੍ਰਸ਼ਨ3. ਹੇਠ ਲਿਖੇ ਪ੍ਰਸ਼ਨ ਦਾ ਉੱਤਰ ਲਗਪਗ 200-250 ਸ਼ਬਦਾਂ ਵਿੱਚ ਦਿਓ:-

ਦੇਸ਼ ਵਿੱਚ ਭੂਗੋਲਿਕ ਤੱਤਾਂ ਦੇ ਆਧਾਰ ਤੇ ਕੁਦਰਤੀ ਬਨਸਪਤੀ ਦਾ ਵਰਗੀਕਰਨ ਕਰੋ।

ਜਾਂ

ਭਾਰਤ ਵਿੱਚ ਸੜਕ ਆਵਾਜਾਈ ਦੇ ਗੁਣ ਤੇ ਦੋਸ਼ਾਂ ਦਾ ਵਰਣਨ ਕਰੋ।

7 x 1 = 7

ਪ੍ਰਸ਼ਨ4. ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਭਰੋ:-

(ੳ) ਕਾਲੀ ਮਿੱਟੀ ਦਾ ਖੇਤਰ

(ਅ) ਕੋਈ ਇੱਕ ਡੈਲਟਾ ਖੇਤਰ

(ੲ) ਕੱਪੜਾ ਉਦਯੋਗ ਦਾ ਇੱਕ ਖੇਤਰ

(ਹ) ਕ੍ਰਿਸ਼ਨਾ ਨਦੀ

5 x 1 =5

## ਭਾਗ–ਅ (ਅਰਥ ਸ਼ਾਸਤਰ)

**ਅੰਕ : 14**

ਪ੍ਰਸ਼ਨਃ–5 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਲਾਇਨ ਜਾਂ ਇੱਕ ਸ਼ਬਦ ਵਿੱਚ ਦਿਓਃ–

(ੳ) ਕਰ ਦੇ ਦੋ ਪ੍ਰਕਾਰ ਦੱਸੋ। 1

(ਅ) ਭਾਰਤ ਦਾ ਕੇਂਦਰੀ ਬੈਂਕ ਕਿਹੜਾ ਹੈ? 1

(ੲ) ਹਰੀ ਕ੍ਰਾਂਤੀ ਤੋਂ ਕੀ ਭਾਵ ਹੈ? 1

(ਸ) ਮੁੱਢਲੇ ਉਦਯੋਗਾਂ ਦੇ ਕੋਈ ਦੋ ਉਦਾਹਰਣ ਦਿਉ। 1

(ਹ) ਭਾਰਤ ਦੇ ਦੋ ਮੁੱਖ ਆਯਾਤ ਕਿਹੜੇ ਹਨ? 1

ਪ੍ਰਸ਼ਨਃ–6 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਲਗਭਗ 70–75 ਸ਼ਬਦਾਂ ਵਿੱਚ ਦਿਓਃ

(ੳ) ਭਾਰਤੀ ਖੇਤੀ ਦੀਆਂ ਮੁੱਖ ਸਮੱਸਿਆਵਾਂ ਦਾ ਵਰਣਨ ਕਰੋ। 3

(ਅ) ਭਾਰਤ ਵਿੱਚ ਉਦਯੋਗਿਕਰਨ ਦੀ ਧੀਮੀ ਗਤੀ ਦੇ ਕੀ ਕਾਰਨ ਹਨ? 3

(ੲ) ਭਾਰਤ ਦੇ ਮੁੱਖ ਨਿਰਯਾਤਾਂ ਅਤੇ ਆਯਾਤਾਂ ਦਾ ਵਰਣਨ ਕਰੋ। 3

(ਸ) ਭਾਰਤ ਦੇ ਲਘੂ ਅਤੇ ਕੁਟੀਰ ਉਦਯੋਗਾਂ ਤੋਂਕੀ ਭਾਵ ਹੈ? 3

(ਹ) ਯੋਜਨਾ ਆਯੋਗ ਦੀ ਸਥਾਪਨਾ ਕਿਹੜੇ ਸਾਲ ਕੀਤੀ ਗਈ ਸੀ? ਭਾਰਤ ਵਿੱਚ ਯੋਜਨਾਵਾਂ ਦੇ ਦੋ ਮੁਢਲੇ ਉਦੇਸ਼ ਕਿਹੜੇ ਹਨ? 3

## ਸਮੈਸਟਰ – ਦੂਜਾ

## ਭਾਗ – ੲ (ਇਤਿਹਾਸ)

**ਅੰਕ : 21**

ਪ੍ਰਸ਼ਨ:–7 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਲਾਇਨ ਜਾਂ ਇੱਕ ਸ਼ਬਦ ਵਿੱਚ ਦਿਓ:–

(ੳ) ਮਿਸਲ ਸ਼ਬਦ ਤੋਂ ਕੀ ਭਾਵ ਹੈ? 1

(ਅ) ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਕਦੋਂ ਸ਼ਾਮਿਲ ਕੀਤਾ ਗਿਆ? 1

(ੲ) ਸਾਈਮਨ ਕਮਿਸ਼ਨ ਕਦੋਂ ਭਾਰਤ ਆਇਆ? 1

ਪ੍ਰਸ਼ਨ:–8 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ 70–75 ਸ਼ਬਦਾਂ ਵਿੱਚ ਦਿਓ:–

(ੳ) ਭੈਰੋਵਾਲ ਦੀ ਸੰਧੀ ਦੀ ਮਹੱਤਤਾ ਦਾ ਵਰਣਨ ਕਰੋ। 3

(ਅ) ਤਿੰਨ ਪੱਖੀ ਸੰਧੀ ਤੇ ਨੋਟ ਲਿਖੋ। 3

(ੲ) ਗੁਰਦਾਸ ਨੰਗਲ ਦੀ ਲੜਾਈ ਤੇ ਸੰਖੇਪ ਨੋਟ ਲਿਖੋ। 3

ਪ੍ਰਸ਼ਨ:–9 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਗਭਗ 225–250 ਸ਼ਬਦਾਂ ਵਿੱਚ ਦਿਓ:–

(ੳ) ਖਾਲਸਾ ਪੰਥ ਦੀ ਸਥਾਪਨਾ ਦੇ ਮਹੱਤਵ ਦਾ ਵਰਨਣ ਕਰੋ। 7

(ਅ) ਗਦਰ ਪਾਰਟੀ ਨੇ ਅਜ਼ਾਦੀ ਦੀ ਲਹਿਰ ਵਿੱਚ ਕੀ ਯੋਗਦਾਨ ਪਾਇਆ?

ਪ੍ਰਸ਼ਨ:–10 ਪੰਜਾਬ (1947 ਈ: ਤੋਂ ਪਹਿਲਾਂ) ਦੇ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਭਰੋ। 5

1. ਤਰਨਤਾਰਨ
2. ਚਮਕੌਰ ਸਾਹਿਬ
3. ਮਾਛੀਵਾੜਾ
4. ਤਲਵੰਡੀ ਸਾਬੋ
5. ਬੰਦੋਵਾਲ

**ਭਾਗ–ਸ (ਨਾਗਰਿਕ ਸ਼ਾਸਤਰ)**

**ਅੰਕ : 14**

**ਪ੍ਰਸ਼ਨ:1 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਉ:–**

(ੳ) ਲੋਕ ਸਭਾ ਦੇ ਕੁੱਲ ਕਿੰਨੇ ਮੈਂਬਰ ਹੁੰਦੇ ਹਨ?

(ਅ) ਵਿਧਾਨਸਭਾ ਦੇ ਮੈਂਬਰ ਬਣਨ ਲਈ ਘੱਟੋ–ਘੱਟ ਉਮਰ ਕਿੰਨੀ ਹੋਣੀ ਚਾਹੀਦੀ ਹੈ?

(ੲ) ਸੰਯੁਕਤ ਰਾਸ਼ਟਰ ਦਾ ਜਨਮ ਕਦੋਂ ਹੋਇਆ?

(ਸ) ਪੰਚਸ਼ੀਲ ਦੇ ਸਿਧਾਤਾਂ ਨੂੰ ਕਦੋਂ ਅਪਣਾਇਆ ਗਿਆ?

(ਹ) ਲੋਕ ਸਭਾ ਦਾ ਕਾਰਜਕਾਲ ਕਿੰਨਾ ਹੁੰਦਾ ਹੈ? 5 x 1= 5

**ਪ੍ਰਸ਼ਨ:2 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਲਗਪਗ 70–75 ਸ਼ਬਦਾਂ ਵਿੱਚ ਦਿਉ:–**

(ੳ) ਪ੍ਰਧਾਨ ਮੰਤਰੀ ਦੇ ਕੋਈ ਚਾਰ ਮਹੱਤਵਪੂਰਨ ਕੰਮਾਂ ਦਾ ਵਰਣਨ ਕਰੋਂ?

(ਅ) ਰਾਜਪਾਲ ਦੀਆਂ ਇੱਛੁਕ ਸ਼ਕਤੀਆਂ ਦਾ ਵਰਣਨ ਕਰੋਂ?

(ੲ) ਸੰਵਿਧਾਨਿਕ ਸੰਕਟ ਦੀ ਘੋਸ਼ਣਾ ਸਮੇਂ ਰਾਜ ਦੇ ਪ੍ਰਸ਼ਾਸਨ ਤੇ ਕੀ ਅਸਰ ਪੈਂਦਾ ਹੈ?

(ਸ) ਗੁੱਟ ਨਿਰਲੇਪਤਾ ਦੀ ਨੀਤੀ ਦਾ ਅਰਥ ਅਤੇ ਭਾਰਤ ਦੁਆਰਾ ਇਸ ਨੂੰ ਅਪਣਾਏ ਜਾਣ ਦੇ ਕਾਰਨ ਦੱਸੋ।

(ਹ) ਵਿਸ਼ਵ ਸ਼ਾਤੀ ਵਿੱਚ ਭਾਰਤ ਦੀ ਭੂਮਿਕਾ ਦਾ ਸੰਖੇਪ ਵਰਣਨ ਕਰੋ? 3 x 3 = 9